**ਪੰਜਾਬ ਸਰਕਾਰ**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

**ਰਾਸ਼ਟਰੀ ਸਿਹਤ ਮਿਸ਼ਨ**

ਪੰਜਵੀ ਮੰਜਿਲ, ਪਰਿਆਸ ਬਿਲਡਿੰਗ, ਸੈਕਟਰ 38 ਬੀ, ਚੰਡੀਗੜ੍ਹ -160036

☎ਨੰ: 0172-4012011-13, ਫੈਕਸ ਨੰ:0172-4012012-13

**ਐਨ.ਐਚ.ਐਮ/ਪੰ/2021/ਸੀ.ਐਚ.ਆਰ/** 77792 ਮਿਤੀ 16/12/2021

## ਹੁਕਮ

1.0 ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਅੰ.ਵਿ.ਪੱ.ਨੰ.14/03/2021-2ਪੀ.ਪੀ.3/1220 ਮਿਤੀ 9.11.21 ਅਤੇ ਅੰ.ਵਿ.ਪੱ.ਨੰ.14/03/2021-2ਪੀ.ਪੀ.3/1310 ਮਿਤੀ 6.12.21 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਵੱਲੋਂ ਮਿਤੀ 09.11.2021 ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਸੇਵਾ ਨਿਵਰਤੀ ਤੋਂ ਬਾਅਦ ਜਿਹੜੇ ਅਧਿਕਾਰੀ/ਕਰਮਚਾਰੀ ਭਾਵੇਂ ਉਹ ਪ੍ਰਸੋਨਲ ਵਿਭਾਗ ਦੀ ਪ੍ਰਵਾਨਗੀ ਤੇ ਭਾਵੇਂ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਮੁੜ ਨਿਯੁਕਤ ਕੀਤੇ ਗਏ ਹੋਣ (ਕੰਟਰੈਕਟ ਜਾਂ ਆਊਟਸੋਰਸ ਤੇ) ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਖਤਮ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ।

3.0 ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਦੀਆਂ ਮਿਤੀ 09.11.2021 ਨੂੰ ਜਾਰੀ ਹਦਾਇਤਾਂ ਅਨੁਸਾਰ ਕਈ ਜਿਲ੍ਹਿਆਂ ਵੱਲੋਂ ਐਨ.ਐਚ.ਐਮ ਅਧੀਨ ਕੰਮ ਕਰਦੇ ਡਾਕਟਰਾਂ ਨੂੰ ਡਿਊਟੀ ਤੋਂ ਰਲੀਵ ਕਰ ਦਿੱਤਾ ਗਿਆ ਹੈ, ਜਿਹੜੇ ਸੇਵਾ ਨਿਵਰਤੀ ਉਪਰੰਤ ਕੰਟਰੈਕਟ ਜਾਂ ਆਊਟਸੋਰਸ ਤੇ ਤੈਨਾਤ ਸਨ। ਇਸ ਸਬੰਧੀ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ, ਕਿ ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਵੱਲੋਂ ਅੰ.ਵਿ.ਪੱ.ਨੰ.14/03/2021-2ਪੀ.ਪੀ.3/1310 ਮਿਤੀ 06.12.2021 ਰਾਹੀਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਮਿਤੀ 09.11.2021 ਨੂੰ ਜਾਰੀ ਕੀਤੀਆਂ ਹਦਾਇਤਾਂ ਸੈਂਟਰਲ ਸਪੋਨਸਰਡ ਸਕੀਮਾਂ ਤੇ ਲਾਗੂ ਨਹੀਂ ਹੁੰਦੀਆਂ।

4.0 ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਵੱਲੋਂ ਮਿਤੀ 06.12.21 ਨੂੰ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਡਿਊਟੀ ਤੇ ਮੁੜ ਜੁਆਇੰਨ ਕਰਵਾ ਲਿਆ ਜਾਵੇ, ਜਿਨ੍ਹਾਂ ਦੀਆਂ ਸੇਵਾਵਾਂ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ ਦੀਆਂ ਮਿਤੀ 09.11.21 ਨੂੰ ਜਾਰੀ ਹਦਾਇਤਾਂ ਅਨੁਸਾਰ ਖਤਮ ਕੀਤੀਆਂ ਗਈਆਂ ਹਨ। ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਤੇ ਬਾਕੀ ਸਾਰੀਆਂ ਸੇਵਾ ਸ਼ਰਤਾਂ ਡਿਊਟੀ ਤੋਂ ਰਲੀਵ ਕਰਨ ਤੋਂ ਪਹਿਲਾਂ ਵਾਲੀਆਂ ਹੀ ਲਾਗੂ ਰਹਿਣਗੀਆਂ।

5.0 ਅਧਿਕਾਰੀਆਂ/ਕਰਮਚਾਰੀਆਂ ਨੂੰ ਰਲੀਵ ਕਰਨ ਤੋਂ ਲੈ ਕੇ ਮੁੜ ਜੁਆਇੰਨ ਕਰਨ ਤੱਕ ਦੇ ਸਮੇਂ ਨੂੰ ਬਿਨ੍ਹਾਂ ਤਨਖਾਹ ਛੁੱਟੀ ਵੱਜੋਂ ਗਿਣਿਆ ਜਾਵੇਗਾ।

**ਇਹ ਹੁਕਮ ਤੁਰੰਤ ਲਾਗੂ ਹੋਣਗੇ।**

ਸਹੀ/-

**ਕੁਮਾਰ ਰਾਹੁਲ, ਆਈ.ਏ.ਐਸ.**

**ਮਿਸ਼ਨ ਡਾਇਰੈਕਟਰ, ਐਨ.ਐਚ.ਐਮ ਪੰਜਾਬ**

**ਐਨ.ਐਚ.ਐਮ/ਪੀ.ਬੀ/2021/ਸੀ.ਐਚ.ਆਰ/** 77793–99 ਮਿਤੀ: 16/12/2021

ਉਪਰੋਕਤ ਦਾ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਪ੍ਰਮੁੱਖ ਸਕੱਤਰ ਸਿਹਤ ਨੂੰ ਮਾਣਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਹਾਇਕ ਐਮ.ਡੀ. ਐਨ.ਐਚ.ਐਮ ਨੂੰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ।
4. ਡਾਇਰੈਕਟਰ ਸਿਹਤ ਸੇਵਾਵਾਂ (ਪ.ਭ) ਪੰਜਾਬ।
5. ਡਾਇਰੈਕਟਰ, ਆਯੂਰਵੇਦਾ ਵਿਭਾਗ ਪੰਜਾਬ।
6. ਮੁੱਖੀ ਹੋਮਿਓਪੈਥੀ ਵਿਭਾਗ ਪੰਜਾਬ।
7. ਸਮੂਹ ਸਿਵਲ ਸਰਜਨ ਪੰਜਾਬ ਨੂੰ ਲੋੜੀਂਦੀ ਕਾਰਵਾਈ ਹਿੱਤ।

**ਡਾਇਰੈਕਟਰ,**

**ਐਨ.ਐਚ.ਐਮ. ਪੰਜਾਬ**